# ਪਾਲੀ ਭੁਪਿੰਦਰ ਦੇ ਨਾਟਕਾਂ ਦੇ ਇਸਤਰੀ ਪਾਤਰ

ਹਰ ਲੇਖਕ ਦੀਆਂ ਰਚਨਾਵਾਂ ਵਿੱਚ ਨਾਰੀ ਦਾ ਜ਼ਿਕਰ ਜ਼ਰੂਰ ਹੁੰਦਾ ਹੈ ਪਰ ਉਹ ਨਾਰੀ ਸਰੂਪ ਦੀਆਂ ਕਿੰਨ੍ਹਾਂ ਪਰਤਾਂ ਦਾ ਚਿਤਰਣ ਕਰਦਾ ਹੈ, ਇਹ ਉਸ ਦੀ ਸੋਚ ਤੇ ਹੀ ਨਿਰਭਰ ਕਰਦਾ ਹੈ। ਸਮਕਾਲੀ ਲੇਖਕ ਜੋ ਇਕੋ ਸਮੇਂ ਇਕੋ ਜਿਹੀਆਂ ਪਰਿਸਥਿਤੀਆਂ ਵਿੱਚ ਵਿਚਰਦੇ ਹਨ ਪਰ ਵਿਲੱਖਣ ਸੋਚ ਦੇ ਕਾਰਨ ਨਾਰੀ ਸਬੰਧੀ ਵੀ ਵੱਖ-ਵੱਖ ਦ੍ਰਿਸ਼ਟੀਕੋਣ ਤੋਂ ਆਪਣੀ ਵਿਚਾਰਧਾਰਾ ਆਪਣੀਆਂ ਰਚਨਾਵਾਂ ਰਾਹੀ ਪ੍ਰਗਟ ਕਰਦੇ ਹਨ। ਸੁਤੰਤਰਤਾ ਪੂਰਵ ਕਾਲ ਦੇ ਨਾਟਕ ਨਾਰੀ ਜਾਗ੍ਰਿਤੀ ਨੂੰ ਹੀ ਚਿਤਰਦੇ ਹਨ ਪਰ ਬਾਅਦ ਦੇ ਨਾਟਕਾਂ ਵਿੱਚ ਨਾਰੀ ਸੰਘਰਸ਼ ਕਰਦੀ ਹੋਈ ਪ੍ਰੰਪਰਾਗਤ ਸਬੰਧਾਂ ਅੱਗੇ ਸਬਲਾ ਬਣ ਕੇ ਖੜ੍ਹਨ ਦੀ ਕੋਸ਼ਿਸ਼ ਕਰਦੀ ਨਜ਼ਰ ਆਉਂਦੀ ਹੈ। ਅੱਜ ਦੇ ਦੌਰ ਵਿੱਚ ਔਰਤ ਲਈ ਨਵੀਆਂ ਚੁਣੌਤੀਆਂ ਸਾਹਮਣੇ ਆ ਰਹੀਆਂ ਹਨ ਉਹ ਆਪਣੇ ਫਰਜ਼ਾਂ ਤੇ ਅਧਿਕਾਰਾਂ ਦੇ ਵਿਚਕਾਰ ਕਸ਼ਮਕਸ਼ ਭਰੀ ਸਥਿਤੀ ਵਿਚੋਂ ਲੰਘ ਰਹੀ ਹੈ। ਨਵੀਆਂ ਮੁਸ਼ਕਿਲਾਂ ਤੇ ਸੰਭਾਵਨਾਵਾਂ ਦੀ ਇਕੋ ਧਰਾਤਲ ਤੇ ਕੀਤੀ ਪੇਸ਼ਕਾਰੀ ਨਾਟਕਕਾਰ ਦੀ ਸਮਰੱਥਾ ਤੇ ਸਫ਼ਲਤਾ ਨੂੰ ਦਰਸਾਉਂਦੀ ਹੈ। ਇਸ ਪੱਖੋਂ ਪਾਲੀ ਭੁਪਿੰਦਰ ਦਾ ਨਾਮ ਵਿਸ਼ੇਸ਼ ਚਰਚਾ ਦਾ ਧਾਰਨੀ ਬਣਦਾ ਹੈ।

'ਸਿਰਜਣਾ' ਨਾਟਕ ਵਿੱਚ ਵੀ ਪਾਲੀ ਨੇ ਭਾਵੇਂ ਵਿਸ਼ਾ 'ਭਰੂਣ-ਹੱਤਿਆ' ਦਾ ਹੀ ਲਿਆ ਹੈ ਪਰ ਤਕਨੀਕੀ ਜੁਗਤਾਂ ਨੇ ਨਾਟਕ ਵਿੱਚ ਵਿਲੱਖਣਤਾ ਲਿਆਂਦੀ ਹੈ। ਨਾਟਕ ਦੀ ਪਾਤਰ 'ਸਿਰਜਣਾ' ਦਾ ਵਿਦਰੋਹ ਭਾਵੇਂ ਵਿਅਕਤੀਗਤ ਹੈ ਪਰ ਜਿਸ ਅੰਦਾਜ਼ ਵਿੱਚ ਉਸਨੂੰ ਪੇਸ਼ ਕੀਤਾ ਗਿਆ ਹੈ ਉਹ ਸਮਾਜਿਕ ਤਬਦੀਲੀ ਲਿਆਉਣ ਲਈ ਇਕ ਜ਼ੋਰਦਾਰ ਅਵਾਜ਼ ਬਣਦਾ ਹੈ। ਸਿਰਜਣਾ ਦੀ ਸੱਸ ਜਿਸ ਕਲੀਨਿਕ ਵਿੱਚ ਉਸ ਨੂੰ ਚੈਕਅੱਪ ਲਈ ਲੈ ਕੇ ਜਾਂਦੀ ਹੈ ਉਥੇ ਹੀ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ। ਭਾਵੇਂ ਇਹਨਾਂ ਘਟਨਾਵਾਂ ਦਾ ਸਮਾਂ ਕੁਝ ਪਹਿਲਾਂ ਦਾ ਹੋਣ ਕਾਰਨ, ਅਸੀਂ ਅੱਜ ਦੀਆਂ ਘਟਨਾਵਾਂ ਨਾਲ ਤੁਲਨਾਤਮਕ ਅਧਿਐਨ ਵੀ ਕਰ ਸਕਦੇ ਹਾਂ। ਸਿਰਜਣਾ ਦੀ ਡਾਕਟਰ ਬਿਨਾਂ ਕਿਸੇ ਡਰ ਦੇ ਆਪਣੇ ਕਲੀਨਿਕ ਵਿੱਚ ਸਕੈਨਿੰਗ ਟੈਸਟ ਤਾਂ ਕਰਦੀ ਹੀ ਹੈ ਬਲਕਿ ਆਬੌਰਸ਼ਨ ਕਰਨ ਲੱਗੇ ਵੀ ਝਿਜਕਦੀ ਨਹੀਂ ਭਾਵੇਂ ਉਹ ਸਮਾਜਿਕ ਤੌਰ ਤੇ ਚੇਤੰਨ ਹੈ ਜਿਵੇਂ ਉਸ ਦੇ ਬੋਲਾਂ ਤੋਂ ਸਪਸ਼ਟ ਹੁੰਦਾ ਹੈ ਜਦੋਂ ਉਹ ਸਿਰਜਣਾ ਨੂੰ ਸਮਝਾਉਂਦੀ ਹੈ।

ਸਿਰਜਣਾ :- ਮੇਰੀ ਕੋਈ ਮਜ਼ਬੂਰੀ ਵੀ ਹੋ ਸਕਦੀ ਹੈ।

ਡਾਕਟਰ :- ਅਜਿਹਾ ਹੀ ਹੁੰਦਾ ਹੈ ਮਿਸਿਜ਼ ਸਿਰਜਣਾ......ਅਨਪੜ੍ਹ ਲੋਕ ਤਾਂ ਸੋਚਦੇ ਵੀ ਨਹੀਂ ਅਜਿਹਾ ਕੰਮ ਕਰਵਾਉਣ ਲੱਗਿਆਂ, ਪੜ੍ਹੇ-ਲਿਖੇ ਲੋਕ ਸੋਚਦੇ ਤਾਂ ਬਹੁਤ ਨੇ ਪਰ ਪਤਾ ਨਹੀਂ ਕਿਉਂ ......ਅਕਸਰ ਮਜ਼ਬੂਰ ਹੁੰਦੇ ਨੇ...........। (1)

ਔਰਤ ਦੇ ਦਮਨ ਦਾ ਕਾਰਨ ਕੇਵਲ ਪੁਰਸ਼ ਹੀ ਨਹੀਂ ਔਰਤ ਖੁਦ ਵੀ ਹੈ। ਸੱਸ ਦੇ ਹੱਥ ਘਰ ਦੀ ਸੱਤਾ ਹੋਣ ਕਾਰਨ ਨੂੰਹ ਨੂੰ ਉਸਦੇ ਫੈਸਲੇ ਅੱਗੇ ਸਿਰ ਝੁਕਾਉਣਾ ਪੈਂਦਾ ਹੈ। ਦੁਸ਼ਮਣ ਦੇ ਵਾਰ ਤੋਂ ਬਚਾਅ ਕਰਨਾ ਆਸਾਨ ਹੈ ਪਰ ਜਦੋਂ ਕੋਈ ਆਪਣਾ ਵਿਸ਼ਵਾਸ਼ਪਾਤਰ ਬਣ ਕੇ ਵਾਰ ਕਰਦਾ ਹੈ ਤਾਂ ਹਾਰ ਨਿਸ਼ਚਿਤ ਹੋ ਜਾਂਦੀ ਹੈ। ਇਸ ਸਮੱਸਿਆ ਦੀ ਜੜ੍ਹ ਕਿੱਥੇ ਹੈ 'ਮਾਸੀ' ਪਾਤਰ ਦੇ ਬੋਲ ਇਸ ਨੂੰ ਸਪੱਸ਼ਟ ਕਰਦੇ ਹਨ :-

"ਆਹੀ ਗੱਲ ਪਸੰਦ ਨੀ ਬੀਬੀ ਰਾਣੀਏ!......ਮਰਦਾਂ ਵਾਸਤੇ ਤਾਂ ਖੇਡ ਹੁੰਦੀ ਐ ਜ਼ਨਾਨੀ। ਗੱਲ ਸ਼ੁਰੂ ਕਰਨ ਨੂੰ ਈ ਸ਼ੇਰ ਹੁੰਦੇ ਐ, ਤੋੜ ਚੜ੍ਹਨ ਦੀ ਵਾਰੀ ਆਉਂਦੀ ਐ ਤਾਂ ਝੱਟ ਮਾਂ ਦੇ ਬਲੂੰਗੜੇ ਬਣ ਜਾਂਦੇ ਐ।......ਹਸਪਤਾਲ ਨਹੀਂ, ਕਬਰਸਤਾਨ ਐ ਇਹ......ਤਿਮਾਹੇ-ਚੁਮਾਹੇ ਅਣਿਆਈ ਮੌਤੇ ਮਰੀਆਂ ਧੀਆਂ ਦਾ ਕਬਰਸਤਾਨ।" (2)

ਮਾਸੀ ਨੂੰ ਉਹਨਾਂ ਮਰਦਾਂ ਨਾਲ ਸ਼ਿਕਵਾ ਤਾਂ ਹੈ ਜੋ ਹਸਪਤਾਲਾਂ ਵਿੱਚ ਆਪਣੀਆਂ ਪਤਨੀਆਂ ਨੂੰ ਅਜਿਹੇ ਕੰਮ ਲਈ ਭੇਜਦੇ ਹਨ ਪਰ ਉਸ ਦਾ ਸ਼ਿਕਵਾ ਵਿਦਰੋਹ ਬਣਨ ਦੀ ਸਮਰੱਥਾ ਨਹੀਂ ਰੱਖਦਾ, ਕੇਵਲ ਉਸ ਦੇ ਗੁੱਸੇ ਦਾ ਪ੍ਰਗਟਾਵਾ ਮਾਤਰ ਬਣ ਕੇ ਰਹਿ ਜਾਂਦਾ ਹੈ, ਜਦੋਂ ਮਾਸੀ ਕਹਿੰਦੀ ਹੈ :-

"ਇਹਨਾਂ ਹੱਥਾਂ ਨਾਲ ਈ ਸੁੱਟ ਕੇ ਆਉਣੀ ਆਂ ਬੀਬੀ, ਵੇਖਣ ਨੂੰ ਤਾਂ ਹੁੰਦੇ ਐ ਮਾਸ ਦੇ ਟੁਕੜੇ......ਕਿਸੇ ਮਜ਼ਬੂਰ ਮਾਂ ਦੀ ਕੁੱਖ ਵਿੱਚੋਂ ਜ਼ਬਰਦਸਤੀ ਬਾਹਰ ਸੁੱਟ ਦਿੱਤੇ ਗਏ ਪਰ ਮੈਨੂੰ ਪੁੱਛੇ ਕੋਈ ......ਮਾਸ ਦੇ ਨਈ ......ਕਮਜ਼ੋਰ ਤੇ ਕਾਇਰ ਮਰਦਾਂ ਦੀ ਗ਼ੈਰਤ ਦੇ ਟੁੱਕੜੇ ਹੁੰਦੇ ਐ ਉਹ ......।" (3)

'ਬੀਜੀ' ਨੂੰ ਇਸ ਗੱਲ ਦਾ ਅਫਸੋਸ ਹੈ ਕਿ ਸਿਰਜਣਾ, ਦਹੇਜ ਵਿੱਚ ਕੁਝ ਵੀ ਨਹੀਂ ਲਿਆਈ ਤੇ ਉਹ ਇਸ ਗੱਲ ਦੇ ਤਾਹਨੇ-ਮਿਹਣੇ ਵੀ ਦਿੰਦੀ ਹੈ ਪਰ ਦੂਜੇ ਪਾਸੇ ਉਹ ਆਪਣੀਆਂ ਪੋਤੀਆਂ ਨੂੰ ਵੀ ਦਹੇਜ ਨਹੀਂ ਦੇਣਾ ਚਾਹੁੰਦੀ ਤੇ ਇਸ ਦਾ ਇਕੋ-ਇਕ ਹੱਲ ਉਸਨੂੰ ਭਰੂਣ-ਹੱਤਿਆ ਨਜ਼ਰ ਆਉਂਦਾ ਹੈ। ਆਖਿਰ ਸਿਰਜਣਾ ਖੁਦ ਹੀ ਆਪਣੀ ਧੀ ਲਈ ਵਿਦਰੋਹ ਕਰ ਦਿੰਦੀ ਹੈ ਤੇ ਘਰ ਛੱਡਣ ਦਾ ਫੈਸਲਾ ਕਰਦੀ ਹੈ। ਸਿਰਜਣਾ ਦਾ ਵਿਦਰੋਹ ਭਾਵੇਂ ਵਿਅਕਤੀਗਤ ਹੈ ਪਰ ਇਸ ਦਾ ਅਸਰ ਪ੍ਰਤੱਖ ਹੈ ਜਦੋਂ ਉਸ ਦੀ ਹਿੰਮਤ ਦੇਖਕੇ, ਇੱਕ ਹੋਰ ਔਰਤ ਵੀ ਆਪਣਾ ਇਰਾਦਾ ਬਦਲ ਕੇ ਰਿਪੋਰਟ ਨੂੰ ਪਾੜ ਕੇ ਸੁੱਟ ਦਿੰਦੀ ਹੈ। ਆਖਿਰ ਸਿਰਜਣਾ ਦਾ ਪਤੀ ਵੀ ਉਸ ਦੇ ਫ਼ੈਸਲੇ ਵਿੱਚ ਆਪਣੀ ਸਹਿਮਤੀ ਪ੍ਰਗਟ ਕਰਦਾ ਹੈ। ਇੰਜ ਔਰਤ ਖੁਦ ਹੀ ਇਸ ਸਮੱਸਿਆ ਵਿਚੋਂ ਉਭਰਨ ਦਾ ਹੱਲ ਪ੍ਰਗਟਾਉਂਦੀ ਹੈ।

ਪਾਲੀ ਦਾ ਨਾਟਕ 'ਜਦੋਂ ਮੈਂ ਸਿਰਫ਼ ਇੱਕ ਔਰਤ ਹੁੰਦੀ ਹਾਂ' ਭਾਵੇਂ 1947 ਵੇਲੇ ਦੀ ਵੰਡ ਨਾਲ ਸਬੰਧਤ ਹੈ ਪਰ ਔਰਤਾਂ ਤੇ ਹੁੰਦੀ ਹਿੰਸਾ ਤੇ ਉਹਨਾਂ ਦੇ ਦਮਨ ਦਾ ਸਦੀਵੀਂ ਸੱਚ ਪ੍ਰਗਟਾਉਂਦਾ ਹੈ। ਔਰਤ ਅਨੇਕਾਂ ਰਿਸ਼ਤੇ ਨਿਭਾਉਂਦੀ ਹੈ ਪਰ ਪਤਨੀ ਦੇ ਤੌਰ ਤੇ ਆਪਣੀ ਸਨਮਾਨਯੋਗ ਸਥਿਤੀ ਪ੍ਰਾਪਤ ਕਰਨ ਵਿੱਚ ਅਕਸਰ ਹੀ ਪੱਛੜ ਜਾਂਦੀ ਹੈ। ਆਪਣੇ ਮਾਨ ਸਤਿਕਾਰ ਲਈ ਉਸ ਨੂੰ ਖੁਦ ਹੀ ਜੂਝਣਾ ਪੈਂਦਾ ਹੈ। ਪਤੀ ਨੂੰ ਪਰਮੇਸ਼ਰ ਦਾ ਦਰਜਾ ਦੇਣ ਵਾਲੀ ਔਰਤ ਨੂੰ ਹਮੇਸ਼ਾ ਇਕ ਵਸਤੂ ਦੇ ਰੂਪ ਵਿੱਚ ਹੀ ਵੇਖਿਆ ਜਾਦਾ ਹੈ। ਕੋਈ ਸੌਦਾ ਤਹਿ ਕਰਨਾ ਹੋਵੇ ਆਪਣੀ ਪਤਨੀ ਨੂੰ ਦਾਅ ਤੇ ਲਾਉਣਾ ਮਰਦ ਲਈ ਮਾਮੂਲੀ ਜਿਹੀ ਗੱਲ ਹੈ। ਭਾਵੇਂ ਮਹਾਂਭਾਰਤ, ਪ੍ਰਤੀਕ ਰੂਪ ਵਿੱਚ ਪੁਰਸ਼ ਨੂੰ ਇਸ ਪੱਖੋਂ ਚੇਤੰਨ ਕਰਦਾ ਆਇਆ ਹੈ ਪਰ ਫਿਰ ਵੀ ਜਦੋਂ ਮੌਕਾ ਮਿਲਦਾ ਹੈ, ਮਰਦ ਉਹੋ ਗਲਤੀ ਫਿਰ ਦੁਹਰਾਉਂਦਾ ਹੈ। ਆਪਣੇ ਸੁਆਰਥ ਖਾਤਿਰ ਜਾਂ ਆਪਣੇ ਬਚਾਅ ਖਾਤਿਰ ਆਪਣੀ ਪਤਨੀ ਨੂੰ ਦੂਜੇ ਦੇ ਹਵਾਲੇ ਕਰ ਦੇਣਾ ਉਸ ਲਈ ਸਧਾਰਨ ਜਿਹੀ ਗੱਲ ਹੈ। ਪਾਲੀ ਦੇ ਇਸ ਨਾਟਕ ਦੀ ਨਾਇਕਾ ਅੰਮ੍ਰਿਤਾ, ਔਰਤ ਹੋਣ ਕਾਰਨ ਹੀ ਮੁਸੀਬਤ ਵਿੱਚ ਫ਼ਸਦੀ ਹੈ ਤੇ ਆਪਣੇ ਹੀ ਪਤੀ ਦੁਆਰਾ ਦਾਅ ਤੇ ਲਾਈ ਜਾਂਦੀ ਹੈ ਪਰ ਅਖੀਰ ਆਪਣਾ ਬਚਾਅ ਹੀ ਨਹੀਂ ਕਰਦੀ ਸਗੋਂ ਦੁਸ਼ਮਣ ਲਈ ਵੰਗਾਰ ਬਣ ਕੇ ਖੜ ਜਾਂਦੀ ਹੈ ਤੇ ਆਪਣੀ ਨਨਾਣ 'ਰਾਣੀ' ਦੀ ਵੀ ਰੱਖਿਆ ਕਰਦੀ ਹੈ।

ਜਦੋਂ ਵੀ ਦੰਗੇ ਫ਼ਸਾਦ ਭੜਕਦੇ ਹਨ ਤਾਂ ਇਸ ਦੀ ਸਭ ਤੋਂ ਵੱਡੀ ਮਾਰ ਔਰਤ ਤੇ ਹੀ ਪੈਂਦੀ ਹੈ। ਬਦਲੇ ਦੀ ਭਾਵਨਾ ਜ਼ੁਲਮ ਨੂੰ ਹੋਰ ਵੀ ਤਿੱਖਾ ਕਰ ਦਿੰਦੀ ਹੈ। 'ਸੈਦਾਂ' ਖੁਦ ਇੱਕ ਔਰਤ ਹੋ ਕੇ ਔਰਤ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਦੀ ਤੇ ਆਪਣੇ ਘਰ ਸ਼ਰਨ ਲੈਣ ਆਈਆਂ ਅੰਮ੍ਰਿਤਾ ਤੇ ਰਾਣੀ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਦੀ ਹੈ। ਪਰ ਉਸਦੇ ਦਰਦ ਦਾ ਖੁਲਾਸਾ ਉਸ ਦਾ ਪਤੀ 'ਜੁੰਮਾ' ਕਰਦਾ ਹੈ;

ਜਦੋਂ ਦਾ ਨੂਰਾਂ ਨੂੰ ਜ਼ਲੀਲ ਕਰ ਕੇ ਮਾਰਿਆ ਏ ਉਧਰ, ਕਦੇ-ਕਦੇ ਸ਼ੁਦਾਅ ਉਠਦਾ ਏ ਇਸਨੂੰ ਉਂਝ ਦਿਲ ਦੀ ਮਾੜੀ ਨਹੀਂ।.........ਕੀਤੀ ਕਿਹੜਾ ਘੱਟ ਮਾੜੀ ਉਹਨਾਂ ਨੂਰਾਂ ਨਾਲ, ਦੱਸ-ਦੱਸ ਪਿੰਡਾਂ ਤੱਕ ਜ਼ਲੀਲ ਕੀਤੀ ਗਈ ਸਾਡੀ ਧੀ, ਨੰਗਿਆਂ ਕਰਕੇ ਜਲੂਸ ਕੱਢਿਆ ਕਹਿੰਦੇ ਨੇ ਉਸਦਾ......। (4)

ਭੀੜ ਦੇ ਫ਼ੈਸਲੇ ਹਮੇਸ਼ਾ ਬੇਸਮਝੀ ਦੇ ਹੁੰਦੇ ਹਨ ਤੇ ਇਸ ਤਰ੍ਹਾਂ ਬਦਲੇ ਦੀ ਭਾਵਨਾ ਅੰਨ੍ਹੀ ਹੁੰਦੀ ਹੈ। ਜੁੰਮੇ ਦਾ ਵਾਰਤਾਲਾਪ ਦੰਗਿਆਂ ਵਿੱਚ ਔਰਤਾਂ ਤੇ ਹੁੰਦੀ ਹਿੰਸਾ ਦਾ ਸ਼ਪਸ਼ਟ ਚਿਤਰ ਹੋ ਨਿਬੜਦਾ ਹੈ। ਨਾਟਕ ਵਿੱਚ 'ਰਾਜ' ਅਜਿਹਾ ਪਤੀ ਹੈ ਜੋ ਕਾਇਰ ਤੇ ਬੁਜ਼ਦਿਲ ਹੈ। ਸੈਦਾਂ ਦੀ ਸ਼ਰਤ ਸੁਣ ਕੇ ਉਹ ਘਬਰਾ ਜਾਂਦਾ ਹੈ। ਆਪਣੀ ਭੈਣ ਤੇ ਪਤਨੀ ਦੋਹਾਂ 'ਚੋਂ ਇੱਕ ਨੂੰ ਨਨਕੂ ਦੇ ਹਵਾਲੇ ਕਰ ਦੇਣ ਮੌਕੇ

ਆਪਣੀ ਬੀਵੀ ਅੰਮ੍ਰਿਤ ਨੂੰ ਨਨਕੂ ਦੇ ਹਵਾਲੇ ਕਰ ਦੇਣ ਦਾ ਫ਼ੈਸਲਾ ਕਰਦਾ ਹੈ। ਉਹ ਆਪਣੇ ਪਤੀ ਹੋਣ ਦੀ ਹੈਂਕੜ ਵੀ ਰੱਖਦਾ ਹੈ ਤੇ ਅੰਮ੍ਰਿਤਾ ਦੇ ਇਤਰਾਜ਼ ਕਰਨ ਤੇ ਉਹ ਆਪਣੀ ਮਰਦਾਨਗੀ ਦੀ ਦਲੀਲ ਦਿੰਦਾ ਹੈ;

"ਇਹ ਸਾਰੀ ਜ਼ਿੰਦਗੀ ਦੀ ਗੱਲ ਕਦੋਂ ਏ, ਅੰਮ੍ਰਿਤਾ! ਸਿਰਫ਼ ਅੱਜ ਦੀ ਰਾਤ ਦੀ ਗੱਲ ਏ, ਸੁਣਿਆ ਨਹੀਂ ਸੀ ਜਦੋਂ ਨਨਕੂ ਕਹਿ ਰਿਹਾ ਸੀ ਪਈ ਫੌਜ ਪਹੁੰਚ ਗਈ ਏ। ਮੈਂ ਰਫ਼ੂਜੀ ਕੈਂਪ ਪਹੁੰਚਦੇ ਹੀ ਸਵੇਰੇ ਫੌਜ ਲੈ ਕੇ ਆਵਾਂਗਾ ਤੇ ਤੈਨੂੰ ਵੀ ਇੱਥੋਂ ਲੈ ਜਾਵਾਂਗਾ। ਸਿਰਫ਼ ਅੱਜ ਰਾਤ ਦੀ ਹੀ ਤਾਂ ਗੱਲ ਏ।" (5)

ਰਿਸ਼ਤਿਆਂ ਦੀ ਸੌਦੇਬਾਜ਼ੀ ਵਿੱਚ ਅੰਮ੍ਰਿਤਾ ਨੂੰ ਆਪਣਾ ਸੌਦਾ ਮਨਜ਼ੂਰ ਨਹੀਂ। ਉਸ ਨੂੰ ਇਸ ਗੱਲ ਦਾ ਦੁੱਖ ਹੈ ਕਿ ਆਪਣਾ ਤਨ-ਮਨ ਅਰਪਣ ਕਰਕੇ ਵੀ ਉਹ ਆਪਣੇ ਪਤੀ ਲਈ ਬਿਗਾਨੀ ਹੈ। ਇਤਿਹਾਸ ਗਵਾਹ ਹੈ ਕਿ ਸੀਤਾ ਹੋਵੇ ਜਾਂ ਦਰੋਪਤੀ, ਪਤੀ ਕੋਲੋਂ ਕਦੀ ਵੀ ਉਹ ਸਨਮਾਨ ਪ੍ਰਾਪਤ ਨਹੀਂ ਕਰ ਸਕੀ ਜਿਸਦੀ ਉਹ ਹੱਕਦਾਰ ਹੈ। ਅੰਮ੍ਰਿਤਾ ਦੀ ਸੁਰ ਸਿਰਫ਼ ਰਾਜ ਦੇ ਫੈਸਲੇ ਤੋਂ ਹੀ ਬਾਗੀ ਨਹੀਂ ਹੁੰਦੀ ਬਲਕਿ ਇਤਿਹਾਸ ਤੇ ਮਿਥਿਹਾਸ ਤੇ ਵੀ ਕਰਾਰੀ ਚੋਟ ਹੈ। ਅੰਮ੍ਰਿਤਾ ਦਾ ਦਰਦ, ਹਰ ਉਸ ਪਤਨੀ ਦਾ ਦਰਦ ਹੋ ਨਿਬੜਦਾ ਹੈ, ਜਿਸ ਦਾ ਪਤੀ ਰਿਸ਼ਤਿਆਂ ਦੀ ਕੁਰਬਾਨੀ ਦਿੰਦੇ ਸਮੇਂ ਸਭ ਤੋਂ ਪਹਿਲਾਂ ਪਤਨੀ ਦੇ ਰਿਸ਼ਤੇ ਨੂੰ ਤਿਆਗਦਾ ਹੈ। ਸੈਦਾਂ ਵੀ ਇਸ ਦੀ ਪ੍ਰੋੜਤਾ ਕਰਦੀ ਹੈ :-

......ਪਰ ਇੱਕ ਗੱਲ ਏ ਬੀਬੀ ਰਾਣੀਏ! ਜ਼ਨਾਨੀ ਭਾਵੇਂ ਅੱਗ ਵਿੱਚ ਸੜ ਕੇ ਮਰ ਜਾਏ ਮਰਦ ਨਾਲ, ਪਰ ਮਰਦ ਨਈਂ ਨਿਭਦੇ ਔਖ ਪਈ ਤੇ ਜ਼ਨਾਨੀਆਂ ਨਾਲ। ਮੇਰੀ ਧੀ ਦੇ ਖਸਮ ਹਰਾਮਜ਼ਾਦੇ ਨੇ ਵੀ ਆਪਣੇ ਹੱਥੀ ਫੜਾ ਦਿੱਤੀ ਸੀ ਮੇਰੀ ਧੀ ਅੰਬਰਸਰ ਦੇ ਕਰਾੜਾਂ ਦੇ ਸਰਦਾਰਾਂ ਨੂੰ......ਪਰ ਇਸ ਗੱਲੋਂ ਤੂੰ ਨਿਸ਼ਚਿੰਤ ਰਹਿ......ਮੇਰਾ ਪੁੱਤ ਇੰਜ ਦਾ ਨਈਂ......। (6)

ਨਾਟਕ ਦੇ ਅਖੀਰ ਵਿੱਚ ਅੰਮ੍ਰਿਤਾ ਆਪਣੀ ਤਾਕਤ ਪਹਿਚਾਣਦੀ ਹੋਈ ਆਪਣੇ ਆਤਮ-ਸਨਮਾਨ ਲਈ ਆਪ ਹੀ ਹਥਿਆਰ ਚੁੱਕਦੀ ਹੈ।

ਪਾਲੀ ਭੁਪਿੰਦਰ ਨੇ 'ਚੰਦਨ ਦੇ ਉਹਲੇ' ਨਾਟਕ ਵਿੱਚ ਲੂਣਾ ਦਾ ਇੱਕ ਪਾਸੜ ਸੱਚ ਹੀ, ਮਾਣਾ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਲੂਣਾ ਦਾ ਬਾਪ ਆਰਥਿਕ ਪੱਖੋਂ ਕਮਜ਼ੋਰ ਸੀ ਤੇ ਇਸ ਲਈ ਉਸਨੂੰ ਆਪਣੀ ਧੀ ਆਪਣੇ ਹਾਣ ਦੇ ਲਾੜੇ ਦੇ ਲੜ, ਪੈਸਿਆਂ ਖਾਤਿਰ ਲਾਉਣੀ ਪਈ। ਇਸ ਨਾਟਕ ਵਿੱਚ ਬਾਪ ਦੀ ਆਰਥਿਕ ਦਿਸ਼ਾ ਤਾਂ ਬਹੁਤ ਵਧੀਆ ਹੈ ਪਰ ਇਥੇ ਵਿਦੇਸ਼ੀ ਧਰਤੀ ਨੂੰ ਸਵਰਗ ਸਮਝਣ ਕਾਰਨ, ਉਥੇ ਪਹੁੰਚਣ ਦੀ ਲਾਲਸਾ, ਪੰਜਾਬੀ ਮਾਨਸਿਕਤਾ ਉਪਰ ਇਸ ਹੱਦ ਤੱਕ ਭਾਰੂ ਹੋ ਚੁੱਕੀ ਹੈ ਕਿ ਕੋਈ ਜ਼ਾਇਜ ਜਾਂ ਨਜ਼ਾਇਜ਼ ਤਰੀਕਾ ਅਪਣਾ ਕੇ ਉਥੇ ਪਹੁੰਚਣਾ ਹੀ ਇੱਕ-ਮਾਤਰ ਸੁਪਨਾ ਬਣ

ਕੇ ਰਹਿ ਗਿਆ ਹੈ। 'ਮਾਣਾ' ਦੇ ਸੰਸਕਾਰ ਹੀ ਉਸਦੀ ਅਵਾਜ਼ ਦਬਾ ਦਿੰਦੇ ਹਨ ਤੇ ਉਹ ਆਪਣੇ ਨਲਾਇਕ ਭਰਾ 'ਬਨੀ' ਦੇ ਸੁਪਨੇ ਨੂੰ ਸਾਕਾਰ ਕਰਨ ਲਈ, ਆਪਣੇ ਬਾਪ ਦੀ ਉਮਰ ਦੇ ਲਾੜੇ ਦੇ ਲੜ ਨੂੜ ਦਿੱਤੀ ਜਾਂਦੀ ਹੈ ਤੇ ਇੰਜ ਉਸ ਸਵਰਗ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਉਸ ਦੇ ਸੁਪਨੇ ਸਵਰਗਵਾਸ ਹੋ ਜਾਂਦੇ ਹਨ।

ਇਹ ਨਾਟਕ ਪੂਰਬ ਤੇ ਪੱਛਮੀ ਸਭਿਅਤਾ ਵਿੱਚ ਔਰਤਾਂ ਦੀ ਜ਼ਿੰਦਗੀ ਵਿੱਚ ਆਏ ਪਰਿਵਰਤਨ ਨੂੰ ਵੀ ਉਜਾਗਰ ਕਰਦਾ ਹੈ। ਪੱਛਮੀ ਸਭਿਆਚਾਰ ਵਿੱਚ ਔਰਤ ਨੂੰ ਜੋ ਵਿਅਕਤੀਗਤ ਅਜ਼ਾਦੀ ਪ੍ਰਾਪਤ ਹੋਈ ਹੈ ਉਥੇ ਆਪਣੀ ਸੁਤੰਤਰ ਪਹਿਚਾਣ ਸਿਰਜਣ ਲਈ ਕਈ ਨਵੀਆਂ ਸੰਭਾਵਨਾਵਾਂ ਵੀ ਨਜ਼ਰ ਆਈਆਂ ਹਨ। ਮਜ਼ਬੂਤ ਆਰਥਿਕਤਾ ਨੇ ਔਰਤਾਂ ਨੂੰ ਆਪਣੇ ਫ਼ੈਸਲੇ ਆਪ ਲੈਣ ਦਾ ਹੌਸਲਾ ਦਿੱਤਾ ਹੈ। ਪ੍ਰੈਟੀ, ਇਸ ਵਰਗ ਦੀਆਂ ਔਰਤਾਂ ਦੀ ਪ੍ਰਤੀਨਿਧ ਬਣ ਕੇ ਉਭਰੀ ਹੈ। ਭਾਰਤੀ ਸਮਾਜ ਵਿੱਚ ਔਰਤ ਦੀ ਸਥਿਤੀ ਬਾਰੇ ਮਿੰਦੋ ਦੇ ਬੋਲ ਚਾਨਣਾ ਪਾਉਂਦੇ ਹਨ ਜਦੋਂ ਉਹ ਮਾਣਾ ਨਾਲ ਗੱਲ ਕਰਦੀ ਹੈ,

.........ਕੱਲੀ ਜ਼ਨਾਨੀ ਕਿਸੇ ਬੰਦੇ ਕੋਲ ਜਾ ਖੜ੍ਹੇ ਸਈ, ਭੁੱਖੀ ਮਹਿੰ ਵਾਂਗੂੰ ਸੰਗਲ ਤੁੜਾਉਣ ਤੱਕ ਜਾਂਦੇ ਐ ਤੇ ਜੇ ਸੰਗਲ ਨਾ ਟੁੱਟੇ ਤਾਂ ਸਾਰੀ ਭੁੱਖ ਜੀਭ ਤੇ ਲਹਿ ਆਉਂਦੀ ਹੈ......। (7)

ਸਿਰਫ਼ ਪੰਜਾਬ ਵਿੱਚ ਹੀ ਨਹੀਂ ਪੂਰੇ ਭਾਰਤ ਵਿੱਚ ਆਰਥਿਕ ਕਮਜ਼ੋਰੀ ਵਿਆਹ ਸਮੇਂ ਸੌਦੇਬਾਜ਼ੀ ਦੇ ਰੂਪ ਵਿੱਚ ਉਭਰਦੀ ਹੈ। ਸ਼ਰਮਾਂ ਜਦੋਂ ਮਿਸਟਰ ਗੇਲ ਨੂੰ ਉਸਦੀ ਖਾਨਦਾਨੀ ਅਸਲੀਅਤ ਦਿਖਾਉਂਦਾ ਹੈ ਤਾਂ ਮੁੱਲ ਦੀ ਤੀਵੀਂ ਦਾ ਸੱਚ ਵੀ ਬਿਆਨ ਕਰ ਜਾਂਦਾ ਹੈ। ਭੜਕ ਕੇ ਮਿਸਟਰ ਗੇਲ ਨੂੰ ਕਹਿੰਦਾ ਹੈ,

"ਓ, ਤੂੰ ਢਕਿਆ ਰਹਿ, ਸਭ ਪਤੈ ਜਿਹੜਾ ਤੂੰ ਰਾਇਲ ਬ੍ਰਿਟਿਸ਼ ਫ਼ੈਮਲੀ ਨੂੰ ਬਿਲਾਂਗ ਕਰਦੈ। ਪਿਓ ਤੇਰਾ ਬਾਜੇਖਾਨੇ ਸੀਰੀ ਲੱਗਾ ਰਿਹਾ, ਚੰਦਾ ਆਲੇ ਸਰਦਾਰਾਂ ਦੇ...... ਵਿਆਹ ਨੀ ਸੀ ਹੁੰਦਾ ਤੇ ਢਾਈ ਹਜ਼ਾਰ ਦੀ ਭਈਆ ਰਾਣੀ ਲੈ ਕੇ ਆਇਆ ਉੜੀਸਾ ਤੋਂ। ......ਤੂੰ ਜੰਮਿਐ, ਤੇਰਾ ਪਿਓ ਸ਼ਰਮ ਨਾਲ ਮਰ ਗਿਆ ਬਈ ਤੇਰਾ ਮੜੰਗਾ ਛੋਟੇ ਸਰਦਾਰ ਤੇ ਸੀ......ਪਤਾ ਨਈਂ ਕਿਵੇਂ ਰੁਲ-ਖੁਲ ਕੇ ਇੰਗਲੈਂਡ ਪਹੁੰਚ ਗਿਆ......।" (8)

ਨਾਰੀ ਮਾਨਸਿਕਤਾ ਹੀ ਅਜਿਹੀ ਹੁੰਦੀ ਹੈ ਕਿ ਉਹ ਰਿਸ਼ਤੇ ਜੋੜਨ ਵਿੱਚ ਵਿਸ਼ਵਾਸ਼ ਰੱਖਦੀ ਹੈ ਜਦੋਂ ਕਿ ਮਰਦ ਤੋੜਨ ਵਿੱਚ। ਮਰਦ ਲਈ ਉਸ ਦਾ ਸੁਆਰਥ ਹੀ ਪਹਿਲਮੁਖੀ ਹੁੰਦਾ ਹੈ। ਇਸ ਵਾਸਤੇ ਉਹ ਰਿਸ਼ਤਿਆਂ ਨੂੰ ਦਾਅ ਤੇ ਲਾਉਣਾ ਮਾਮੂਲੀ ਗੱਲ ਸਮਝਦਾ ਹੈ ਤੇ ਇਥੇ ਅਜਿਹੇ ਬਿਮਾਰ ਮਾਨਸਿਕਤਾ ਵਾਲੇ ਪੁਰਸ਼ ਦੇ ਹਿੱਸੇ ਦਾ ਦੁਖਾਂਤ ਤੇ ਆਪਣੇ ਬਾਪ ਦੀ ਲਾਲਚ ਭਰੀ ਮਰਦਾਨਗੀ ਦਾ

ਸੱਚ ਬਿਆਨ ਕਰਦੀ ਹੋਈ ਸਾਡੇ ਸਮਾਜ ਦੇ ਉਸ ਘਿਨੌਣੇ ਰੂਪ ਨੂੰ ਪੇਸ਼ ਕਰਦੀ ਹੈ ਜਿਸ ਨੂੰ ਅਕਸਰ ਹੀ ਦਲੀਲਾਂ ਦੇ ਪਰਦੇ ਹੇਠ ਛੁਪਾ ਦੇਣ ਦੀ ਕੋਸ਼ਿਸ਼ ਕਰਦੇ ਹਾਂ।

ਨਾਟਕਕਾਰ ਜ਼ਿੰਦਗੀ ਦੇ ਏਸ ਸੱਚ ਨੂੰ ਭਲੀ-ਭਾਂਤ ਸਮਝਦਾ ਹੈ ਕਿ ਕਦਮ-ਕਦਮ ਤੇ ਨਵੀਂ ਘਟਨਾ ਵਾਪਰਦੀ ਹੈ ਤੇ ਇੰਜ ਅਨੇਕਾਂ ਹੀ ਸੱਚ ਮਨੁੱਖ ਦੇ ਸਾਹਮਣੇ ਆ ਖੜੇ ਹੁੰਦੇ ਹਨ ਪਰ ਇਹ ਸਾਡੀ ਸੋਚ ਹੈ ਕਿ ਅਸੀਂ ਉਹਨਾਂ ਨੂੰ ਕਿੰਨ੍ਹਾਂ ਕੁ ਅਪਣਾਉਂਦੇ ਹਾਂ ਉਹਨਾਂ ਤੋਂ ਸਬਕ ਸਿੱਖਦੇ ਹਾਂ ਜਾਂ ਫਿਰ ਨਜ਼ਰ-ਅੰਦਾਜ਼ ਕਰਨਾ ਹੀ ਬੇਹਤਰ ਸਮਝਦੇ ਹਾਂ। ਪੰਜਾਬੀ ਸਮਾਜ ਵਿੱਚ ਇੱਕ ਪਾਸੇ ਤਾਂ ਧੀਆਂ ਘਰ ਦਾ ਮਾਣ ਸਮਝੀਆਂ ਜਾਂਦੀਆਂ ਹਨ ਪਰ ਦੂਜੇ ਪਾਸੇ ਲੋਕ-ਲਾਜ ਲਈ ਉਹਨਾਂ ਦੀ ਬਲੀ ਦਿੱਤੀ ਜਾਂਦੀ ਹੈ। ਨਾਟਕ ਦੇ ਅੰਤ ‘ਤੇ ਮਾਣਾ ਦੇ ਬੋਲ ਪੂਰੀ ਸਥਿਤੀ ਸਪਸ਼ਟ ਕਰ ਦਿੰਦੇ ਹਨ ;

ਹਾਂ, ਮੈਂ ਇੱਕ ਚੰਗੀ ਧੀ ਹਾਂ,
ਸ਼ਰਮ ਹਯਾ ਦੇ ਕਫ਼ਨ ‘ਚ ਲਪੇਟੀ
ਲੋਕਲਾਜ ਦੀ ਕਬਰ ‘ਚ ਸਿਮਟੀ
ਮਨ ਦੀਆਂ ਮਨ ਵਿਚ ਮਾਰ ਕੇ ਬੈਠੀ

.................................
ਮੈਂ ਇਕ ਚੰਗੀ ਧੀ ਹਾਂ। (9)

ਪਾਲੀ ਨੇ ਆਪਣੇ ਨਾਟਕ ‘ਘਰ-ਘਰ’ ਵਿੱਚ ‘ਅਮਨ’ ਦੇ ਰੂਪ ਵਿੱਚ ਅਜਿਹੀ ਪਾਤਰ ਨੂੰ ਪੇਸ਼ ਕੀਤਾ ਹੈ ਜੋ ਇੱਕ ਘਰੇਲੂ ਔਰਤ ਹੈ ਉਹ ਆਪਣੇ ਪਤੀ ਦੀ ਜ਼ਿੰਦਗੀ ਵਿੱਚ ਆਉਣ ਵਾਲੀ ਹਰ ਔਰਤ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀ ਹੈ ਪਰ ਆਪਣੇ ਪਤੀ ਉਪਰ ਪੂਰਾ ਵਿਸ਼ਵਾਸ਼ ਕਰਦੀ ਹੈ। ਉਸ ਦੇ ਪਤੀ ਦੀ ਦੋਸਤ ਲੜਕੀ ‘ਇਸ਼ਾਨ’ ਉਸਨੂੰ ਜ਼ਿੰਦਗੀ ਦੀ ਅਸਲੀਅਤ ਤੋਂ ਜਾਣੂੰ ਕਰਵਾਉਣਾ ਚਾਹੁੰਦੀ ਹੈ ਪਰ ਅਮਨ ਉਸ ਉਪਰ ਹੀ ਇਲਜ਼ਾਮ ਲਗਾਉਂਦੀ ਰਹਿੰਦੀ ਹੈ। ਇਸ਼ਾਨ, ਦੁਨੀਆਂ ਦੇ ਹਰ ਮਰਦ ਨੂੰ ਬੇਗੈਰਤ ਤੇ ਬੇਸ਼ਰਮ ਮੰਨਦੀ ਹੈ ਜੋ ਆਪਣੇ ਸੁਆਰਥ ਲਈ ਕਿਸੇ ਸਮੇਂ ਵੀ ਦਮਨਕਾਰੀ ਬਣ ਸਕਦਾ ਹੈ ਤੇ ਹਿੰਸਕ ਰੂਪ ਧਾਰਨ ਕਰ ਸਕਦਾ ਹੈ। ਜਿਸ ਔਰਤ ਦਾ ਘਰਵਾਲਾ ਨਹੀਂ ਸਮਾਜ ਉਸ ਨੂੰ ਘਰ ਬਣਾਉਣ ਦਾ ਅਧਿਕਾਰ ਨਹੀਂ ਦਿੰਦਾ। ਤਾਹਨਿਆਂ-ਮਿਹਣਿਆਂ ਨਾਲ ਘਰ ਹੀ ਨਹੀਂ ਉਸ ਔਰਤ ਦੀਆਂ ਸਧਰਾਂ ਦਾ ਵੀ ਦਮਨ ਕੀਤਾ ਜਾਂਦਾ ਹੈ। ਘਰ ਛੱਡ ਕੇ ਜਾਂਦੀ ਅਮਨ ਨੂੰ ਇਸ਼ਾਨ ਘਰ ਦੀ ਹੋਂਦ ਤੋਂ ਜਾਣੂੰ ਕਰਵਾਉਂਦੀ ਘਰ ਨਾ ਛੱਡਣ ਦੀ ਸਲਾਹ ਦਿੰਦੀ ਹੈ।

ਅਜੀਤ, ਅਜਿਹੇ ਮਰਦ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਜੋ ਸਮਾਜ ਵਿੱਚ ਆਪਣਾ ਰੁਤਬਾ ਕਾਇਮ ਰੱਖਣ ਲਈ ਔਰਤਾਂ ਨਾਲ ਬੜੇ ਸਲੀਕੇ ਨਾਲ ਪੇਸ਼ ਆਉਂਦਾ ਹੈ। ਆਪਣੇ ਘਰ ਕੰਮ

ਵਾਲੀ ਦੀ ਕੁੜੀ 'ਪਰਮ' ਨੂੰ ਪੜ੍ਹਾਉਣ ਵਿੱਚ ਮੱਦਦ ਕਰਦਾ ਹੈ ਪਰ ਆਪਣੀ ਮਰਦਾਨਗੀ ਦੀ ਝੂਠੀ ਹਾਓਮੈਂ ਤੋਂ ਮੁਕਤ ਨਹੀਂ ਹੁੰਦਾ। ਪਰਮ ਨਾਲ ਨਜ਼ਾਇਜ਼ ਸਬੰਧ ਬਣਾਉਂਦਾ ਹੈ ਜਿਸ ਕਰਕੇ ਪਰਮ ਗਰਭਵਤੀ ਹੋ ਜਾਂਦੀ ਹੈ ਜਦੋਂ ਇਸ ਅਸਲੀਅਤ ਦਾ ਪਤਾ ਲੱਗਦਾ ਹੈ ਤਾਂ ਸਭ ਦੇ ਸਾਹਮਣੇ 'ਅਜੀਤ' ਆਪਣੇ ਚੰਗੇ ਪਤੀ ਹੋਣ ਦੇ ਦਾਅਵੇ ਕਰਦਾ, ਪਰਮ ਉਪਰ ਹੀ ਇਲਜ਼ਾਮ ਲਗਾਉਂਦਾ ਹੈ। ਨਾਟਕ ਦੇ ਅਖੀਰ ਉਪਰ ਵੀ ਜਦੋਂ ਪਰਮ, ਇਸ਼ਾਨ ਨਾਲ ਚਲੀ ਜਾਂਦੀ ਹੈ, ਅਮਨ ਉਮੀਦ ਕਰਦੀ ਹੈ ਕਿ ਅਜੀਤ ਆਪਣੀ ਗਲਤੀ ਲਈ ਉਸਤੋਂ ਮੁਆਫ਼ੀ ਮੰਗੇਗਾ ਪਰ ਅਜੀਤ ਇਸ ਸਭ ਦੀ ਪਰਵਾਹ ਨਾ ਕਰਦਾ ਆਪਣੇ ਹੀ ਕੰਮਾਂ ਵਿਚ ਮਸਤ ਹੋ ਜਾਂਦਾ ਹੈ ਤੇ ਅਮਨ ਕੋਈ ਵਿਦਰੋਹ ਨਾ ਕਰ ਸਕਣ ਦੀ ਸਮਰੱਥਾ ਤਹਿਤ ਫਿਰ ਤੋਂ ਉਸ ਘਰ ਦੀ ਉਲਝਣ ਵਿੱਚ ਉਲਝ ਜਾਂਦੀ ਹੈ।

'ਘਰ' ਜਿਸ ਦੀ ਚਾਰਦੀਵਾਰੀ ਵਿੱਚ ਔਰਤ ਨੂੰ ਮਹਿਫੂਜ ਸਮਝਿਆ ਜਾਂਦਾ ਹੈ ਜਦੋਂ ਉਹੋ ਹੀ ਉਸ ਦੇ ਦੁਖਾਂਤ ਦਾ ਕਾਰਨ ਬਣਦੀ ਹੈ ਤਾਂ ਸਥਿਤੀ ਵਧੇਰੇ ਤਨਾਓਗ੍ਰਸਤ ਹੋ ਜਾਂਦੀ ਹੈ। ਜ਼ਿੰਦਗੀ ਨੂੰ ਜੀਣਯੋਗ ਬਣਾਉਣ ਲਈ ਰਿਸ਼ਤੇ ਹੀ ਅਧਾਰ ਬਣਦੇ ਹਨ ਪਰ ਜਦੋਂ ਰਿਸ਼ਤੇ ਹੀ ਖੋਖਲੇ ਹੋ ਜਾਣ ਤੇ ਘਰ ਹੀ ਗੁੰਮ ਹੋ ਜਾਏ ਤਾਂ ਫਿਰ ਕਿਥੇ ਜਾਇਆ ਜਾਵੇ? ਅਜਿਹੇ ਸਵਾਲਾਂ ਤਹਿਤ ਰਚਿਆ ਗਿਆ ਨਾਟਕ 'ਘਰ ਗੁੰਮ ਹੈ' ਪਾਠਕ/ਦਰਸ਼ਕ ਦੀ ਸੋਚ ਨੂੰ ਝੰਜੋੜਦਾ ਹੈ।

'ਪਾਰੁਲ' ਇਸ ਨਾਟਕ ਦੀ ਮੁੱਖ ਪਾਤਰ ਹੈ। ਆਪਣੇ ਮਾਂ-ਬਾਪ ਦੀ ਇਕਲੌਤੀ, 13-14 ਸਾਲ ਦੀ ਲੜਕੀ ਹੈ। ਉਹ ਆਖਰੀ ਦ੍ਰਿਸ਼ ਤੋਂ ਪਹਿਲਾਂ ਹਾਜ਼ਿਰ ਨਹੀਂ ਹੁੰਦੀ। ਉਸ ਦੀ ਅਣਹੋਂਦ ਹੀ ਨਾਟਕ ਨੂੰ ਅੱਗੇ ਤੋਰਦੀ ਹੈ। ਪਰ ਆਖਰੀ ਦ੍ਰਿਸ਼ ਵਿੱਚ ਜਦੋਂ ਉਹ ਸਾਹਮਣੇ ਆਉਂਦੀ ਹੈ ਤਾਂ ਰਿਸ਼ਤਿਆਂ ਦੀ ਆੜ ਵਿੱਚ, ਘਰ ਵਿੱਚ ਹੀ ਹੁੰਦੇ ਕੁਕਰਮ ਦਾ ਕਾਲਾ ਚਿੱਠਾ ਸਭ ਦੇ ਸਾਹਮਣੇ ਖੋਲ ਕੇ, ਸਭ ਨੂੰ ਸੁੰਨ ਕਰ ਦਿੰਦੀ ਹੈ ਉਸ ਦੇ ਬੋਲ ਸੰਨਾਟਾ ਪੈਦਾ ਕਰ ਦਿੰਦੇ ਹਨ ਜਦੋਂ ਉਹ ਕਹਿੰਦੀ ਹੈ ;

ਤੁਸੀ ਕਹਿੰਦੇ ਹੋ ਕਿ ਮੈਥੋਂ ਇਸ ਘਰ ਦੀ ਇੱਜ਼ਤ ਨੂੰ ਖਤਰੈ...... ਪਰ ਮੈਨੂੰ ਤਾਂ ਲੱਗਦੈ, ਇਸ ਘਰ ਤੋਂ ਮੇਰੀ ਇੱਜ਼ਤ ਨੂੰ ਖਤਰੈ (ਜਿਵੇਂ ਦਰਸ਼ਕਾ ਨੂੰ) ਹੁਣ ਤੁਸੀ ਦੱਸੋ ਜੇ ਮੈਂ ਇਹ ਘਰ ਛੱਡ ਕੇ ਨਾ ਜਾਵਾਂ ਤਾਂ ਕੀ ਕਰਾਂ? (10)

ਪਾਲੀ ਨੇ ਪਤੀ-ਪਤਨੀ ਦੇ ਆਪਸੀ ਝਗੜੇ ਵਿੱਚ ਪਿਸਦੇ ਬੱਚਿਆਂ ਦੇ ਅਰਮਾਨਾਂ ਨੂੰ ਤਾਂ ਸਾਹਮਣੇ ਰੱਖਿਆ ਹੀ ਹੈ ਬਲਕਿ ਸਮਾਜ ਵਿੱਚ ਅੱਜ ਦੇ ਦੌਰ ਵਿੱਚ ਘਰ ਇਕੱਲੀ ਛੱਡੀ ਬੇਟੀ ਦੇ, ਕਿਸੇ ਭਰੋਸੇਯੋਗ ਆਦਮੀ ਰਾਹੀਂ ਹਿੰਸਾ ਦਾ ਸ਼ਿਕਾਰ ਹੋਣ ਵਾਲੇ ਭਿਆਨਕ ਸੱਚ ਨੂੰ ਵੀ ਬਿਆਨਿਆ ਹੈ।

'ਇੱਕ ਕੁੜੀ ਜ਼ਿੰਦਗੀ ਉਡੀਕਦੀ ਹੈ' ਨਾਟਕ ਵਿੱਚ ਬਲਾਤਕਾਰ ਦਾ ਸ਼ਿਕਾਰ ਹੋਈ ਛੋਟੀ ਬੱਚੀ ਦੇ ਦੁਖਾਂਤ ਨੂੰ ਪੇਸ਼ ਕੀਤਾ ਗਿਆ ਹੈ ਜੋ ਉਮਰ ਦੀ ਪੌੜੀ ਦੇ ਟੰਬੇ ਚੜਦੀ ਜਾਂਦੀ ਹੈ ਪਰ ਆਪਣੇ ਉਪਰ ਹੋਏ ਜ਼ੁਲਮ ਦੇ ਦਰਦ ਦੀਆਂ ਗਹਿਰਾਈਆਂ ਵਿੱਚ ਹੋਰ ਥੱਲੇ, ਹੋਰ ਥੱਲੇ ਧਸਦੀ ਜਾਂਦੀ ਹੈ। 'ਰੋਜ਼' ਪਾਤਰ ਬਲਾਤਕਾਰ ਦਾ ਸ਼ਿਕਾਰ ਹੋਈ ਹਮੇਸ਼ਾ ਖੌਫ਼ ਤੇ ਨਫ਼ਰਤ ਵਿੱਚ ਜਿਉਂਦੀ ਹੈ। ਜਵਾਨ ਹੁੰਦੀ ਹੈ ਤਾਂ ਮਾਂ (ਵਿਧਵਾ) ਤੇ ਭੂਆ ਨੂੰ ਉਸਦੇ ਵਿਆਹ ਦੀ ਚਿੰਤਾ ਹੁੰਦੀ ਹੈ। ਪੁਨੀਤ ਨਾਂ ਦਾ ਲੜਕਾ ਉਸ ਨੂੰ ਪਿਆਰ ਕਰਦਾ ਹੈ ਤੇ ਆਪਣੀ ਮਾਂ ਨਾਲ ਉਹਨਾਂ ਦੇ ਘਰ ਰਿਸ਼ਤੇ ਲਈ ਆਉਂਦਾ ਹੈ ਪਰ ਉਸ ਦੀ ਮਾਂ 'ਵਰਿੰਦਰ' ਦੀ ਸੁਰ ਹੰਕਾਰ ਦਰਸਾਉਂਦੀ ਹੈ ਜਿਸ ਦਾ ਜਵਾਬ 'ਰੋਜ਼' ਇੰਜ ਦਿੰਦੀ ਹੈ,

"ਇਕ ਮਰਦ! ਜਿਸਦੀ ਆਪਣੇ ਖਾਨਦਾਨ ਤੋਂ ਬਿਨਾਂ ਵੀ ਕੋਈ ਪਛਾਣ ਹੋਵੇ। ਉਸਦੇ ਦੁੱਧ ਦੇ ਦੰਦ ਟੁੱਟ ਚੁੱਕੇ ਹੋਣ ਤੇ ਲੋੜ ਪੈਣ ਤੇ ਉਹ ਡੰਗ ਵੀ ਮਾਰ ਸਕਦਾ ਹੋਵੇ। ਹੋਰ ਨਹੀਂ ਤਾਂ ਉਹ ਅੱਠ ਲੱਖ ਦੀ ਲੈਂਸਰ ਦੇ ਬਾਹਰ ਖੜ ਕੇ ਸੋਚ ਸਕਦਾ ਹੋਵੇ.........।"(11)

ਰੋਜ਼ ਦੀ ਅਸਲੀਅਤ ਬਾਰੇ ਜਦੋਂ ਪੁਨੀਤ ਦੀ ਮਾਂ ਨੂੰ ਪਤਾ ਲੱਗਦਾ ਹੈ ਤਾਂ ਉਹ ਰਿਸ਼ਤੇ ਤੋਂ ਇਨਕਾਰ ਕਰ ਦਿੰਦੀ ਹੈ। ਪਰ ਉਸੇ ਸਮੇਂ ਪੁਨੀਤ ਦਾ ਬਾਪ ਆਉਂਦਾ ਹੈ, ਰੋਜ਼ ਉਸ ਨੂੰ ਪਹਿਚਾਣ ਲੈਂਦੀ ਹੈ । ਪੁਨੀਤ ਦੀ ਮਾਂ ਆਪਣੇ ਪਤੀ ਦੇ ਕੁਕਰਮ ਬਾਰੇ ਜਾਣ ਕੇ ਉਸ ਨਾਲੋਂ ਆਪਣਾ ਰਿਸ਼ਤਾ ਤੋੜ ਲੈਂਦੀ ਹੈ ਪਰ 'ਰੋਜ਼' ਨੂੰ ਆਪਣੀ ਨੂੰਹ ਵਜੋਂ ਅਪਣਾ ਲੈਂਦੀ ਹੈ। ਵਰਿੰਦਰ ਦੇ ਬੋਲ ਉਸ ਦੀ ਦਲੇਰੀ ਨੂੰ ਦਰਸਾਉਂਦੇ ਹਨ ਜਦੋਂ ਉਹ ਕਹਿੰਦੀ ਹੈ ;

"ਔਰਤ ਜਿਸ ਰਸਤੇ ਤੁਹਾਨੂੰ ਜਨਮ ਦਿੰਦੀ ਹੈ, ਉਸ ਰਸਤੇ ਉਪਰ ਥੁੱਕ ਦੇਣਾ...... ਇਹੋ ਹੈ ਮਰਦਾਨਗੀ। (ਆਪਣੇ ਗਲੇ ਦਾ ਮੰਗਲ-ਸੂਤਰ ਦਿਖਾਕੇ) ਇਹੋ ਜਿਹੇ ਪਟੇ ਔਰਤਾਂ ਦੇ ਗਲੇ ਵਿੱਚ ਪਾ ਕੇ ਪਤੀ ਹੋਣ ਦਾ ਭਰਮ ਪਾਲਦੇ ਹੋ ਤੁਸੀ। .........ਆਹ! ਚੁੱਕ ਆਪਣੀ ਸੰਗਲੀ ਤੇ ਪਟਾ। ਟੁੱਟ ਗਏ ਤੇਰੇ ਨਾਲ ਮੇਰੇ ਸਾਰੇ ਰਿਸ਼ਤੇ। ਇੱਕ ਬਲਾਤਕਾਰੀ ਨਾਲ ਔਰਤ ਦਾ ਕੀ ਰਿਸ਼ਤਾ। ਹੁਣ ਤੂੰ ਮੇਰਾ ਪਤੀ ਨਹੀਂ ......।" (12)

ਪਾਲੀ ਭੁਪਿੰਦਰ ਦੇ ਨਾਟਕਾਂ ਵਿੱਚ ਔਰਤ ਨੂੰ ਵਿਭਿੰਨ-ਵਿਭਿੰਨ ਸਥਿਤੀਆਂ ਵਿੱਚ ਵਿਚਰਦੇ ਹੋਏ ਦਿਖਾਇਆ ਗਿਆ ਹੈ। ਇਹਨਾਂ ਇਸਤਰੀ ਪਾਤਰਾਂ ਦੀ ਖਾਸੀਅਤ ਇਹ ਹੈ ਕਿ ਸਮੱਸਿਆ ਨਾਲ ਜੂਝਦੇ ਹੋਏ ਵੀ ਇਹ ਘਬਰਾਉਂਦੀਆਂ ਨਹੀਂ ਸਗੋਂ ਹਿੰਮਤ ਨਾਲ ਅੱਗੇ ਵੱਧਦੀਆਂ ਹਨ ਭਾਵੇਂ ਇਹਨਾਂ ਦੇ ਆਲੇ-ਦੁਆਲੇ ਦਾ ਸਮਾਜ ਇਹਨਾਂ ਦਾ ਸਾਥ ਨਹੀਂ ਵੀ ਦਿੰਦਾ ਫਿਰ ਵੀ ਇਹ ਸਮੱਸਿਆ ਦਾ ਹੱਲ ਲੱਭ ਹੀ ਲੈਂਦੀਆਂ ਹਨ ਤੇ ਆਪਣੀ ਜ਼ਿੰਦਗੀ ਨੂੰ ਜੀਣਯੋਗ ਬਣਾਉਣ ਦਾ ਰਸਤਾ ਤਿਆਰ ਕਰ ਲੈਂਦੀਆਂ ਹਨ। ਗਾਰਗੀ ਦੇ ਨਾਟਕਾਂ ਦੇ ਇਸਤਰੀ ਪਾਤਰਾਂ ਵਿੱਚ ਕੁਝ ਕਰ ਗੁਜ਼ਰਨ ਦਾ ਜੇਰਾ

ਰਿਹਾ ਹੈ ਪਰ ਉਸ ਦੇ ਪਾਤਰ ਸਮਾਜ ਨੂੰ ਕੋਈ ਸਾਰਥਕ ਸੇਧ ਦੇਣ ਤੋਂ ਅਸਮਰਥ ਰਹੇ ਹਨ ਪਰ ਪਾਲੀ ਭੁਪਿੰਦਰ ਦੀ ਇਹ ਵਿਸ਼ੇਸ਼ਤਾ ਮੰਨੀ ਜਾ ਸਕਦੀ ਹੈ ਕਿ ਉਸ ਦੇ ਨਾਟਕਾਂ ਦੇ ਇਸਤਰੀ ਪਾਤਰ ਕੇਵਲ ਨਿਡਰ ਰੂਪ ਵਿੱਚ ਹੀ ਪੇਸ਼ ਨਹੀਂ ਹੁੰਦੇ ਸਗੋਂ ਸਮਾਜ ਨੂੰ ਇੱਕ ਸੁਨੇਹਾ ਵੀ ਦਿੰਦੇ ਹਨ। ਨਾਟਕ ਵਿੱਚ ਜਿਸ ਵੀ ਸਮੱਸਿਆ ਦਾ ਸਾਹਮਣਾ ਉਸਦੇ ਨਾਰੀ ਪਾਤਰ ਕਰਦੇ ਹਨ ਉਸ ਸਮੱਸਿਆ ਦੇ ਹੱਲ ਲਈ, ਸਮਾਜ ਨੂੰ ਇੱਕ ਨਰੋਈ ਸੋਚ ਦੇਣ ਦੇ ਸਮੱਰਥ ਹਨ। ਸੋ ਕਹਿ ਸਕਦੇ ਹਾਂ ਕਿ ਪਾਲੀ ਭੁਪਿੰਦਰ ਦੇ ਨਾਟਕਾਂ ਦੇ ਇਸਤਰੀ ਪਾਤਰ ਸਮੇਂ ਦੇ ਹਾਣੀ ਬਣ ਕੇ ਇੱਕ ਚੇਤੰਨ ਸੋਚ ਦੇ ਲਖਾਇਕ ਬਣਦੇ ਹਨ।

## ਹਵਾਲੇ ਤੇ ਟਿਪਣੀਆਂ


1. ਪਾਲੀ ਭੁਪਿੰਦਰ ; ਸਿਰਜਣਾ, ਪੰਨਾ - 16
2. ਪਾਲੀ ਭੁਪਿੰਦਰ ; ਸਿਰਜਣਾ, ਪੰਨਾ - 22
3. ਪਾਲੀ ਭੁਪਿੰਦਰ ; ਸਿਰਜਣਾ, ਪੰਨਾ - 23
4. ਪਾਲੀ ਭੁਪਿੰਦਰ ; ਜਦੋ ਮੈਂ ਸਿਰਫ ਔਰਤ ਹੁੰਦੀ ਹਾਂ, ਪੰਨਾ - 3
5. ਪਾਲੀ ਭੁਪਿੰਦਰ ; ਜਦੋ ਮੈਂ ਸਿਰਫ ਔਰਤ ਹੁੰਦੀ ਹਾਂ, ਪੰਨਾ - 12
6. ਪਾਲੀ ਭੁਪਿੰਦਰ ; ਜਦੋ ਮੈਂ ਸਿਰਫ ਔਰਤ ਹੁੰਦੀ ਹਾਂ, ਪੰਨਾ - 15
7. ਪਾਲੀ ਭੁਪਿੰਦਰ ; ਚੰਦਨ ਦੇ ਓਹਲੇ, ਪੰਨਾ - 12
8. ਪਾਲੀ ਭੁਪਿੰਦਰ ; ਚੰਦਨ ਦੇ ਓਹਲੇ, ਪੰਨਾ - 61
9. ਪਾਲੀ ਭੁਪਿੰਦਰ ; ਚੰਦਨ ਦੇ ਓਹਲੇ, ਪੰਨਾ - 65
10. ਪਾਲੀ ਭੁਪਿੰਦਰ ; ਘਰ ਗੁੰਮ ਹੈ, ਪੰਨਾ - 11
11. ਪਾਲੀ ਭੁਪਿੰਦਰ ; ਇੱਕ ਕੁੜੀ ਜ਼ਿੰਦਗੀ ਉਡੀਕਦੀ ਹੈ, ਪੰਨਾ - 4
12. ਪਾਲੀ ਭੁਪਿੰਦਰ ; ਇੱਕ ਕੁੜੀ ਜ਼ਿੰਦਗੀ ਉਡੀਕਦੀ ਹੈ, ਪੰਨਾ - 9



ਡਾ. ਸਿਮਰਜੀਤ ਗਿੱਲ

ਸਾਹਮਣੇ ਗਿੱਲ ਹਸਪਤਾਲ,

ਦੁਸਾਂਝ ਰੋਡ, ਮੋਗਾ

Ph.No.98720-44979

E-Mail:simarjitgill14@gmail.com